ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡੀ ਨਜ਼ਰ ਕਿਸੇ ਵੀ ਦੇਹਧਾਰੀ ਦੇ ਵਲ ਨਹੀਂ ਜਾਣੀ ਚਾਹੀਦੀ ਹੈ, ਕਿਉਂਕਿ ਤੁਹਾਨੂੰ ਪੜ੍ਹਾਉਣ ਵਾਲਾ ਖੁਦ ਨਿਰਾਕਾਰ ਗਿਆਨ ਸਾਗਰ ਬਾਪ ਹੈ"

ਪ੍ਰਸ਼ਨ:- ਉੱਚ ਪਦਵੀ ਦੇ ਲਈ ਕਿਹੜੀ ਇੱਕ ਮਿਹਨਤ ਤੁਸੀਂ ਬੱਚੇ ਗ੍ਰਹਿਸਤ ਵਿਹਾਰ ਵਿੱਚ ਰਹਿੰਦੇ ਵੀ ਕਰ ਸਕਦੇ ਹੋ?

ਉੱਤਰ:- ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸਿਰਫ਼ ਗਿਆਨ ਕਟਾਰੀ ਚਲਾਓ। ਸੁਦਰਸ਼ਨ ਚੱਕਰਧਾਰੀ ਬਣੋ ਅਤੇ ਸ਼ੰਖ ਧਵਨੀ ਕਰਦੇ ਰਹੋ। ਚਲਦੇ - ਫਿਰਦੇ ਬੇਹੱਦ ਦੇ ਬਾਪ ਨੂੰ ਯਾਦ ਕਰੋ ਅਤੇ ਉਸ ਸੁਖ ਵਿੱਚ ਰਹੋ ਤਾਂ ਉੱਚ ਪਦਵੀ ਮਿਲ ਜਾਏਗੀ। ਇਹ ਹੀ ਮਿਹਨਤ ਹੈ।

ਪ੍ਰਸ਼ਨ:- ਯੋਗ ਨਾਲ ਤੁਹਾਨੂੰ ਕਿਹੜਾ ਡਬਲ ਫ਼ਾਇਦਾ ਹੁੰਦਾ ਹੈ?

ਉੱਤਰ:- ਇੱਕ ਤਾਂ ਇਸ ਸਮੇਂ ਕੋਈ ਵਿਕਰਮ ਨਹੀਂ ਹੁੰਦਾ ਹੈ, ਦੂਸਰਾ ਪਾਸਟ ਵਿੱਚ ਕੀਤੇ ਹੋਏ ਵਿਕਰਮ ਵਿਨਾਸ਼ ਹੋ ਜਾਂਦੇ ਹਨ।

ਗੀਤ:- ਮਾਤਾ ਤੂੰ ਹੈ ਸਭ ਦੀ ਭਾਗ ਵਿਧਾਤਾ...

ਓਮ ਸ਼ਾਂਤੀ। ਸਤਿਸੰਗ ਅਤੇ ਕਾਲੇਜ ਆਦਿ ਜੋ ਹੁੰਦੇ ਹਨ ਉੱਥੇ ਦੇਖਣ ਵਿੱਚ ਆਉਂਦਾ ਹੈ - ਕੌਣ ਪੜ੍ਹਾਉਂਦੇ ਹਨ। ਨਜ਼ਰ ਪੈਂਦੀ ਹੈ ਜਿਸਮ ਤੇ। ਕਾਲੇਜ ਵਿੱਚ ਕਹਿਣਗੇ ਫਲਾਣਾ ਪ੍ਰੋਫੈਸਰ ਪੜਾਉਂਦੇ ਹਨ। ਸਤਿਸੰਗ ਵਿੱਚ ਕਹਿਣਗੇ ਫਲਾਣਾ ਵਿਦਵਾਨ ਸੁਣਾਉਂਦੇ ਹਨ। ਮਨੁੱਖਾਂ ਤੇ ਹੀ ਨਜ਼ਰ ਜਾਂਦੀ ਹੈ। ਇੱਥੇ ਤੁਹਾਡੀ ਨਜ਼ਰ ਕਿਸੇ ਦੇਹਧਾਰੀ ਤੇ ਨਹੀਂ ਜਾਂਦੀ ਹੈ। ਤੁਹਾਡੀ ਬੁੱਧੀ ਵਿੱਚ ਹੈ ਕਿ ਨਿਰਾਕਾਰ ਪਰਮਪਿਤਾ ਇਸ ਤਨ ਦਵਾਰਾ ਸੁਣਾਉਂਦੇ ਹਨ। ਬੁੱਧੀ ਚਲੀ ਜਾਂਦੀ ਹੈ ਮਾਤ - ਪਿਤਾ ਅਤੇ ਬਾਪਦਾਦਾ ਦੇ ਵਲ। ਬੱਚੇ ਸੁਣਾਉਂਦੇ ਹਨ - ਤਾਂ ਕਹਿਣਗੇ ਗਿਆਨ ਸਾਗਰ ਬਾਪ ਦਵਾਰਾ ਸੁਣਿਆ ਹੋਇਆ ਸੁਣਾਉਂਦੇ ਹਨ। ਫ਼ਰਕ ਪੈ ਗਿਆ ਨਾ। ਸਤਿਸੰਗਾਂ ਵਿੱਚ ਕੁਝ ਵੀ ਸੁਣਾਉਂਦੇ ਹਨ ਤਾਂ ਸਮਝਦੇ ਹਨ ਫਲਾਣਾ ਇਹ ਵੇਦ ਸੁਣਾਉਂਦੇ ਹਨ। ਮਨੁੱਖਾਂ ਦੇ ਮਰਤਬੇ ਤੇ, ਜਾਤੀ - ਪਾਤੀ ਤੇ ਦ੍ਰਿਸ਼ਟੀ ਜਾਂਦੀ ਹੈ। ਇਹ ਹਿੰਦੂ ਹਨ, ਇਹ ਮੁਸਲਮਾਨ ਹਨ, ਦ੍ਰਿਸ਼ਟੀ ਉੱਥੇ ਚਲੀ ਜਾਂਦੀ ਹੈ। ਇੱਥੇ ਤੁਹਾਡੀ ਦ੍ਰਿਸ਼ਟੀ ਜਾਂਦੀ ਹੈ ਸ਼ਿਵਬਾਬਾ ਦੇ ਵਲ। ਸ਼ਿਵਬਾਬਾ ਪੜ੍ਹਾਉਂਦੇ ਹਨ। ਹੁਣ ਬਾਪ ਭਵਿੱਖ ਨਵੀਂ ਦੁਨੀਆਂ ਦੇ ਲਈ ਵਰਸਾ ਦੇਣ ਆਏ ਹਨ ਹੋਰ ਕੋਈ ਇਵੇਂ ਕਹਿ ਨਾ ਸਕੇ ਕਿ ਹੇ ਬੱਚਿਓ ਮੈਂ ਤੁਹਾਨੂੰ ਸਵਰਗ ਦੇ ਲਈ ਰਾਜਯੋਗ ਸਿਖਾ ਰਿਹਾ ਹਾਂ। ਹੁਣ ਇਹ ਗੀਤ ਵੀ ਸੁਣਿਆ। ਗੀਤ ਤੇ ਹੈ ਪਾਸਟ ਦਾ। ਇਵੇਂ ਜਗਤ ਅੰਬਾ ਸੀ। ਬਰੋਬਰ ਉਸਨੇ ਸੋਭਾਗ ਬਣਾਇਆ, ਜਿਸਦੇ ਮੰਦਿਰ ਵੀ ਹਨ। ਪਰ ਉਹ ਕੌਣ ਸੀ, ਕਿਵੇਂ ਆਈ, ਭਾਗ ਕਿਹੜਾ ਬਣਾਇਆ, ਕੁਝ ਵੀ ਨਹੀਂ ਜਾਣਦੇ ਹਨ। ਤਾਂ ਇਸ ਪੜ੍ਹਾਈ ਅਤੇ ਉਸ ਪੜ੍ਹਾਈ ਵਿੱਚ ਰਾਤ - ਦਿਨ ਦਾ ਫਰਕ ਹੈ। ਇੱਥੇ ਤੁਸੀਂ ਸਮਝਦੇ ਹੋ ਗਿਆਨ ਸਾਗਰ ਪਰਮਪਿਤਾ ਪਰਮਾਤਮਾ ਬ੍ਰਹਮਾ ਮੁਖ ਦਵਾਰਾ ਪੜ੍ਹਾਉਂਦੇ ਹਨ। ਬਾਬਾ ਆਇਆ ਹੋਇਆ ਹੈ। ਭਗਤਾਂ ਦੇ ਕੋਲ ਭਗਵਾਨ ਨੂੰ ਆਉਣਾ ਹੀ ਹੈ। ਨਹੀਂ ਤਾਂ ਭਗਤ ਭਗਵਾਨ ਨੂੰ ਕਿਉਂ ਯਾਦ ਕਰਦੇ ਹਨ? ਸਭ ਭਗਵਾਨ ਹਨ - ਇਹ ਤਾਂ ਰਾਂਗ ਹੋ ਜਾਂਦਾ ਹੈ। ਉਹ ਸਰਵਵਿਆਪੀ ਦੇ ਗਿਆਨ ਵਾਲੇ ਆਪਣੀ ਗੱਲ ਨੂੰ ਸਿੱਧ ਕਰਨ ਦੇ ਲਈ ਵੀ ਆਪਣਾ 20 ਨਾਖੂਨ ਦਾ ਜ਼ੋਰ ਲਗਾ ਦਿੰਦੇ ਹਨ। ਤੁਹਾਡਾ ਸਮਝਾਉਣਾ ਵੱਖ ਹੋ ਜਾਂਦਾ ਹੈ। ਬੇਹੱਦ ਦੇ ਬਾਪ ਕੋਲੋਂ ਬੱਚਿਆਂ ਨੂੰ ਹੀ ਵਰਸਾ ਮਿਲਦਾ ਹੈ। ਸੰਨਿਆਸੀਆਂ ਦਾ ਹੈ ਹੀ ਵੈਰਾਗ ਮਾਰਗ, ਨਿਰਵਿਰਤੀ ਮਾਰਗ। ਉਸ ਨਾਲ ਵੀ ਪ੍ਰਾਪਰਟੀ ਦਾ ਹੱਕ ਮਿਲ ਨਾ ਸਕੇ। ਉਹ ਪ੍ਰਾਪਰਟੀ ਚਾਹੁੰਦੇ ਹੀ ਨਹੀਂ। ਤੁਸੀਂ ਤਾਂ ਸਦਾ ਸੁਖ ਦੀ ਪ੍ਰਾਪਰਟੀ ਚਾਹੁੰਦੇ ਹੋ। ਨਰਕ ਦੇ ਧਨ ਦੌਲਤ ਵਿੱਚ ਦੁੱਖ ਹੈ। ਭਾਵੇਂ ਧਨਵਾਨ ਹਨ ਪਰ ਚਲਣ ਇਵੇਂ ਦੀ ਗੰਦੀ ਚਲਦੇ ਹਨ, ਪੈਸੇ ਉਡਾਉਂਦੇ ਰਹਿੰਦੇ ਹਨ। ਫਿਰ ਬੱਚੇ ਭੁੱਖੇ ਮਰਦੇ ਹਨ। ਤਾਂ ਆਪਣੇ ਨੂੰ ਵੀ ਦੁਖੀ, ਬੱਚਿਆਂ ਨੂੰ ਵੀ ਦੁਖੀ ਕਰਦੇ ਹਨ। ਇਹ ਹੈ ਬੇਹੱਦ ਦਾ ਬਾਪ, ਉਹ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਉਹ ਤਾਂ ਵੱਖ - ਵੱਖ ਅਨੇਕ ਬਾਪ ਹਨ, ਜਿਸ ਨਾਲ ਅਲਪਕਾਲ ਦੇ ਲਈ ਵਰਸਾ ਮਿਲਦਾ ਹੈ। ਭਾਵੇਂ ਰਾਜੇ ਹਨ ਉਹ ਵੀ ਹੱਦ ਦੇ ਹੋ ਗਏ। ਹੱਦ ਦਾ ਅਲਪਕਾਲ ਦਾ ਸੁਖ ਹੈ। ਇਹ ਬੇਹੱਦ ਦਾ ਬਾਪ ਅਵਿਨਾਸ਼ੀ ਸੁਖ ਦੇਣ ਵਾਲਾ ਹੈ। ਸਮਝਾਉਂਦੇ ਹਨ ਭਾਰਤਵਾਸੀ ਜੋ ਡਬਲ ਸਿਰਤਾਜ ਸੀ ਸਵਰਗ ਦੇ ਮਾਲਿਕ ਸੀ, ਹੁਣ ਨਰਕ ਦੇ ਮਾਲਿਕ ਬਣ ਗਏ ਹਨ। ਨਰਕ ਵਿੱਚ ਹੈ ਦੁੱਖ, ਬਾਕੀ ਇਵੇਂ ਕੋਈ ਨਦੀਆਂ ਆਦਿ ਨਹੀਂ ਹਨ ਜਿਵੇਂ ਰੋਰਵ ਨਰਕ ਵਿਸ਼ੇ ਵੈਤਰਨੀ ਨਦੀ ਆਦਿ ਦੇ ਚਿੱਤਰ ਗਰੁੜ ਪੁਰਾਣ ਵਿੱਚ ਦਿਖਾਉਂਦੇ ਹਨ। ਇਹ ਤਾਂ ਸਜਾਵਾਂ ਖਾਣੀਆਂ ਹੁੰਦੀਆਂ ਹਨ। ਤਾਂ ਉਹ ਰੋਚਕ ਗੱਲਾਂ ਲਿੱਖ ਦਿੱਤੀਆਂ ਹਨ। ਅੱਗੇ ਤਾਂ ਜਿਸ ਅੰਗ ਨਾਲ ਬੁਰਾ ਕੰਮ ਕਰਦੇ ਸੀ ਤਾਂ ਉਹ ਅੰਗ ਉਹਨਾਂ ਦਾ ਕੱਟਿਆ ਜਾਂਦਾ ਸੀ। ਬਹੁਤ ਕੜੀ ਸਜ਼ਾ ਮਿਲਦੀ ਸੀ। ਹੁਣ ਇੰਨੀ ਕੜੀ ਸਜ਼ਾ ਨਹੀਂ ਮਿਲਦੀ ਹੈ। ਫਾਂਸੀ ਦੀ ਸਜ਼ਾ ਕੋਈ ਕੜੀ ਨਹੀਂ ਹੈ। ਉਹ ਤਾਂ ਬਹੁਤ ਇਜ਼ੀ ਹੈ। ਮਨੁੱਖ ਆਪਘਾਤ ਵੀ ਬਹੁਤ ਖੁਸ਼ੀ ਨਾਲ ਕਰਦੇ ਹਨ। ਸ਼ਿਵ ਤੇ ਦੇਵਤਾਵਾਂ ਤੇ ਝੱਟ ਬਲੀ ਚੜ ਜਾਂਦੇ ਹਨ। ਤੁਸੀਂ ਜਾਣਦੇ ਹੋ ਆਤਮਾ ਦੁੱਖੀ ਹੁੰਦੀ ਹੈ ਤਾਂ ਚਾਹੁੰਦੀ ਹੈ ਇੱਕ ਸ਼ਰੀਰ ਛੱਡ ਜਾਕੇ ਦੂਸਰਾ ਲਵੇ। ਉਹ ਅਪਾਤਘਾਤ ਕਰਨ ਵਾਲੇ ਇਵੇਂ ਨਹੀਂ ਸਮਝਦੇ ਹਨ। ਉਹ ਤਾਂ ਇੱਥੇ ਹੀ ਇੱਕ ਸ਼ਰੀਰ ਛੱਡ ਫਿਰ ਵੀ ਇੱਥੇ ਹੀ ਗੰਦਾ ਜਨਮ ਲੈ ਲੈਂਦੇ ਹਨ। ਗਿਆਨ ਤਾਂ ਹੈ ਨਹੀਂ, ਸਿਰਫ਼ ਸ਼ਰੀਰ ਨੂੰ ਖ਼ਤਮ ਕਰ ਦਿੰਦੇ ਹਨ - ਦੁੱਖ ਦੇ ਕਾਰਨ। ਫਿਰ ਵੀ ਦੁਖੀ ਜਨਮ ਹੀ ਪਾਉਂਦੇ ਹਨ। ਤੁਸੀਂ ਤਾਂ ਜਾਣਦੇ ਹੋ ਅਸੀਂ ਤਾਂ ਨਵੀਂ ਦੁਨੀਆਂ ਦੇ ਲਾਇਕ ਬਣ ਰਹੇ ਹਾਂ। ਜੀਵਘਾਤ ਕਰਨ ਵਾਲਿਆਂ ਵਿੱਚ ਵੀ ਵਰੇਇਟੀ ਹੁੰਦੀ ਹੈ। ਜਿਵੇਂ ਕੋਈ - ਕੋਈ ਇਸਤਰੀ ਪਤੀ ਦੇ ਪਛਾੜੀ ਆਪਣਾ ਸ਼ਰੀਰ ਹੋਮਦੀ ਹੈ। (ਸਤੀ ਹੋ ਜਾਂਦੀ ਹੈ) ਉਹ ਗੱਲ ਵੱਖ ਹੈ। ਸਮਝਦੇ ਹਨ

ਅਸੀਂ ਪਤੀ ਲੋਕ ਵਿੱਚ ਜਾਵਾਂਗੀ ਕਿਉਂਕਿ ਸੁਣਿਆ ਹੋਇਆ ਹੈ, ਬਹੁਤਿਆਂ ਨੇ ਕੀਤਾ ਹੈ। ਸ਼ਾਸਤਰਾਂ ਵਿੱਚ ਵੀ ਹੈ ਕਿ ਪਤੀ ਲੋਕ ਵਿੱਚ ਜਾਂਦੀ ਹੈ। ਪਰ ਉਹ ਪਤੀ ਤਾਂ ਕਾਮੀ ਠਹਿਰਾ। ਫਿਰ ਵੀ ਇਸ ਹੀ ਮ੍ਰਿਤੂਲੋਕ ਵਿੱਚ ਆਉਣਾ ਪਵੇ। ਇੱਥੇ ਤਾਂ ਗਿਆਨ ਚਿਤਾ ਤੇ ਬੈਠਣ ਨਾਲ ਸਵਰਗ ਵਿੱਚ ਚਲੇ ਜਾਂਦੇ ਹਨ।

ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਇਹ ਜਗਤ ਅੰਬਾ, ਜਗਤ ਪਿਤਾ ਜੋ ਸਥਾਪਨਾ ਅਰਥ ਨਿਮਿਤ ਬਣੇ ਹੋਏ ਹਨ, ਇਹ ਹੀ ਫਿਰ ਸਵਰਗ ਵਿੱਚ ਪਾਲਣ - ਕਰਤਾ ਬਣਨਗੇ। ਮਨੁੱਖ ਤਾਂ ਜਾਣਦੇ ਨਹੀਂ ਕਿ ਵਿਸ਼ਨੂੰ ਕੁਲ ਕਿਸਨੂੰ ਕਿਹਾ ਜਾਂਦਾ ਹੈ। ਵਿਸ਼ਨੂੰ ਤਾਂ ਹੈ ਸੂਖਸ਼ਮਵਤਨਵਾਸੀ, ਉਹਨਾਂ ਦਾ ਫਿਰ ਕੁਲ ਕਿਵੇਂ ਹੋ ਸਕਦਾ? ਹੁਣ ਤੁਸੀਂ ਜਾਣਦੇ ਹੋ ਵਿਸ਼ਨੂੰ ਦੇ ਦੋ ਰੂਪ ਲਕਸ਼ਮੀ - ਨਾਰਾਇਣ ਬਣ ਪਾਲਣਾ ਕਰਦੇ ਹਨ, ਰਾਜ ਕਰਦੇ ਹਨ। ਇਹ ਹੈ ਗਿਆਨ ਚਿਤਾ। ਤੁਸੀਂ ਯੋਗ ਲਗਾਉਂਦੇ ਹੋ ਉਸ ਇੱਕ ਪਤੀਆਂ ਦੇ ਪਤੀ ਦੇ ਨਾਲ। ਉਹ ਹੈ ਸ਼ਿਵਬਾਬਾ, ਉਹ ਹੀ ਪਤੀਆਂ ਦਾ ਪਤੀ, ਪਿਤਾਵਾਂ ਦਾ ਪਿਤਾ ਹੈ। ਸਭ ਕੁਝ ਉਹ ਇੱਕ ਹੀ ਹੈ। ਉਸ ਵਿੱਚ ਸਰਵ ਸੰਬੰਧ ਆ ਜਾਂਦੇ ਹਨ। ਬਾਪ ਕਹਿੰਦੇ ਹਨ ਮੈਂ ਇਸ ਸਮੇਂ ਦੇ ਜੋ ਵੀ ਚਾਚੇ ਕਾਕੇ ਆਦਿ ਤੁਹਾਡੇ ਹਨ, ਉਹ ਸਭ ਤੁਹਾਨੂੰ ਦੁੱਖ ਦੀ ਰਾਏ ਦੱਸਣਗੇ। ਉਲਟੇ ਰਸਤੇ ਦੀ ਆਸੁਰੀ ਮਤ ਹੀ ਦੇਣਗੇ। ਬੇਹੱਦ ਦਾ ਬਾਪ ਆਕੇ ਬੱਚਿਆਂ ਨੂੰ ਸੁਲਟੀ ਮਤ ਦਿੰਦੇ ਹਨ। ਸਮਝੋ ਲੌਕਿਕ ਬਾਪ ਕਹਿੰਦੇ ਹਨ ਕਾਲੇਜ ਵਿੱਚ ਪੜ੍ਹਕੇ ਬੈਰਿਸਟਰ ਆਦਿ ਬਣੋ। ਉਹ ਕੋਈ ਉਲਟੀ ਮਤ ਥੋੜੀ ਹੀ ਹੈ। ਸ਼ਰੀਰ ਨਿਰਵਾਹ ਦੇ ਅਰਥ ਉਹ ਤਾਂ ਰਾਈਟ ਹੈ। ਉਹ ਪੁਰਸ਼ਾਰਥ ਤਾਂ ਕਰਨਾ ਹੀ ਹੈ। ਉਹਨਾਂ ਦੇ ਨਾਲ - ਨਾਲ ਫਿਰ ਭਵਿੱਖ 21 ਜਨਮਾਂ ਦੇ ਸ਼ਰੀਰ ਨਿਰਵਾਹ ਅਰਥ ਵੀ ਪੁਰਸ਼ਾਰਥ ਕਰਨਾ ਹੈ। ਪੜ੍ਹਾਈ ਹੁੰਦੀ ਹੀ ਹੈ ਸ਼ਰੀਰ ਨਿਰਵਾਹ ਦੇ ਲਈ। ਸ਼ਾਸਤਰਾਂ ਵਿੱਚ ਪੜ੍ਹਾਈ ਵੀ ਹੈ ਨਿਰਵ੍ਰਿਤੀ ਮਾਰਗ ਵਾਲਿਆਂ ਦੇ ਸ਼ਰੀਰ ਨਿਰਵਾਹ ਦੇ ਅਰਥ। ਉਹ ਆਪਣੇ ਸ਼ਰੀਰ ਨਿਰਵਾਹ ਅਰਥ ਹੀ ਪੜ੍ਹਦੇ ਹਨ। ਸੰਨਿਆਸੀ ਵੀ ਸ਼ਰੀਰ ਨਿਰਵਾਹ ਅਰਥ ਕੋਈ 50, ਕੋਈ 100, ਕੋਈ ਹਜ਼ਾਰ ਵੀ ਕਮਾਉਂਦੇ ਹਨ। ਇੱਕ ਹੀ ਕਸ਼ਮੀਰ ਦਾ ਰਾਜਾ ਮਰਿਆ ਤਾਂ ਕਿੰਨੇ ਪੈਸੇ ਮਿਲ ਗਏ ਆਰਯ ਸਮਾਜੀਆਂ ਆਦਿ ਨੂੰ। ਤਾਂ ਇਹ ਸਭ ਕਰਦੇ ਹੀ ਹਨ ਪੇਟ ਦੇ ਲਈ। ਸੰਪਤੀ ਬਿਗਰ ਤਾਂ ਸੁੱਖ ਹੁੰਦਾ ਨਹੀਂ। ਧਨ ਹੈ ਤਾਂ ਮੋਟਰਾਂ ਆਦਿ ਵਿੱਚ ਘੁੰਮਦੇ ਹਨ। ਅੱਗੇ ਸੰਨਿਆਸੀ ਪੈਸੇ ਦੇ ਲਈ ਸੰਨਿਆਸ ਨਹੀਂ ਕਰਦੇ ਸਨ, ਉਹ ਤਾਂ ਚਲੇ ਜਾਂਦੇ ਸਨ ਜੰਗਲ ਵਿੱਚ। ਇਸ ਪੁਰਾਣੀ ਦੁਨੀਆਂ ਤੋਂ ਤੰਗ ਹੋਕੇ ਆਪਣੇ ਨੂੰ ਛੁਡਾਉਂਦੇ ਹਨ। ਪਰ ਛੁੱਟ ਨਹੀਂ ਸਕਦੇ। ਬਾਕੀ ਪਵਿੱਤਰ ਰਹਿੰਦੇ ਹਨ। ਪਵਿੱਤਰਤਾ ਦੇ ਬਲ ਨਾਲ ਭਾਰਤ ਨੂੰ ਥਮਾਉਦੇ ਹਨ। ਇਹ ਵੀ ਭਾਰਤ ਨੂੰ ਸੁਖ ਦਿੰਦੇ ਹਨ। ਇਹ ਪਵਿੱਤਰ ਨਹੀਂ ਬਣਦੇ ਤਾਂ ਟੂ ਮਚ ਵੇਸ਼ਾਲਿਆ ਬਣ ਜਾਂਦਾ ਹੈ। ਪਵਿੱਤਰਤਾ ਸਿਖਾਉਣ ਵਾਲਾ ਇੱਕ ਇਹ ਨਿਰਵ੍ਰਿਤੀ ਮਾਰਗ ਵਾਲੇ ਹਨ, ਦੂਸਰਾ ਹੈ ਬਾਪ। ਉਹ ਹੈ ਨਿਰਵ੍ਰਿਤੀ ਮਾਰਗ ਵਾਲੀ ਪਵਿੱਤਰਤਾ। ਇਹ ਹੈ ਪ੍ਰਵ੍ਰਿਤੀ ਮਾਰਗ ਦੀ ਪਵਿੱਤਰਤਾ। ਭਾਰਤ ਵਿੱਚ ਪਵਿੱਤਰ ਪ੍ਰਵ੍ਰਿਤੀ ਮਾਰਗ ਸੀ। ਅਸੀਂ ਦੇਵੀ - ਦੇਵਤੇ ਪਵਿੱਤਰ ਸੀ। ਹੁਣ ਅਪਵਿੱਤਰ ਬਣ ਗਏ ਹਾਂ। ਪੂਰਾ ਅੱਧਾਕਲਪ 5 ਵਿਕਾਰਾਂ ਦਵਾਰਾ ਅਸੀਂ ਅਪਵਿੱਤਰ ਬਣਦੇ ਹਾਂ। ਮਾਇਆ ਨੇ ਥੋੜ੍ਹਾ -ਥੋੜ੍ਹਾ ਕਰਦੇ ਪੂਰਾ ਹੀ ਅਪਵਿੱਤਰ ਬਣਾ ਦਿੱਤਾ ਹੈ। ਦੁਨੀਆਂ ਵਿੱਚ ਇਹ ਕੋਈ ਵੀ ਮਨੁੱਖ ਨਹੀਂ ਜਾਣਦੇ ਹਨ ਕਿ ਅਸੀਂ ਪਾਵਨ ਤੋਂ ਪਤਿਤ ਕਿਵੇਂ ਬਣਦੇ ਹਾਂ। ਸਮਝਦੇ ਵੀ ਹਨ ਕਿ ਇਹ ਪਤਿਤ ਦੁਨੀਆਂ ਹੈ। ਸਮਝੋਂ ਕਿਸੇ ਦੇ ਮਕਾਨ ਦੀ ਉਮਰ 100 ਵਰ੍ਹੇ ਹੈ, ਤਾਂ ਕਹਿਣਗੇ 50 ਵਰ੍ਹੇ ਨਵਾਂ, 50 ਵਰ੍ਹੇ ਪੁਰਾਣਾ, ਅਹਿਸਤੇ - ਅਹਿਸਤੇ ਪੁਰਾਣਾ ਹੁੰਦਾ ਜਾਂਦਾ ਹੈ। ਇਸ ਸ੍ਰਿਸ਼ਟੀ ਦਾ ਵੀ ਇਵੇਂ ਹੈ। ਇੱਕਦਮ ਨਵੀਂ ਦੁਨੀਆ ਵਿਚ ਸੁਖ ਹੁੰਦਾ ਹੈ ਫਿਰ ਅੱਧੇ ਦੇ ਬਾਦ ਪੁਰਾਣੀ ਹੁੰਦੀ ਹੈ। ਗਾਇਆ ਵੀ ਜਾਂਦਾ ਹੈ ਸਤਿਯੁਗ ਵਿੱਚ ਅਥਾਹ ਸੁਖ ਹਨ। ਫਿਰ ਪੁਰਾਣੀ ਦੁਨੀਆਂ ਹੁੰਦੀ ਹੈ ਤਾਂ ਦੁੱਖ ਸ਼ੁਰੂ ਹੁੰਦਾ ਹੈ। ਰਾਵਣ ਦੁੱਖ ਦਿੰਦੇ ਹਨ। ਪਤਿਤ ਰਾਵਣ ਨੇ ਕੀਤਾ ਹੈ, ਜਿਸਦਾ ਬੁੱਤ ਸਾੜਦੇ ਹਨ। ਇਹ ਵੱਡਾ ਦੁਸ਼ਮਣ ਹੈ। ਕਿਸੇ ਨੇ ਗੌਰਮਿੰਟ ਨੂੰ ਅਪਲਾਈ ਕੀਤਾ ਕਿ ਰਾਵਣ ਨੂੰ ਨਹੀਂ ਸਾੜਿਆ ਜਾਏ, ਬਹੁਤਿਆਂ ਨੂੰ ਦੁੱਖ ਹੁੰਦਾ ਹੈ। ਰਾਵਣ ਨੂੰ ਵਿਦਵਾਨ ਦਸਦੇ ਹਨ। ਮਿਨਿਸਟਰ ਆਦਿ ਕੋਈ ਵੀ ਸਮਝਦੇ ਨਹੀਂ ਹਨ। ਹੁਣ ਤੁਸੀਂ ਜਾਣਦੇ ਹੋ ਕਿ ਰਾਵਣ ਰਾਜ ਦਵਾਪਰ ਤੋਂ ਸ਼ੁਰੂ ਹੁੰਦਾ ਹੈ। ਭਾਰਤ ਵਿੱਚ ਹੀ ਰਾਵਣ ਨੂੰ ਸਾੜਦੇ ਹਨ। ਬਾਪ ਸਮਝਾਉਂਦੇ ਹਨ ਦਵਾਪਰ ਵਿੱਚ ਇਹ ਭਗਤੀ, ਅਗਿਆਨ ਮਾਰਗ ਸ਼ੁਰੂ ਹੁੰਦਾ ਹੈ। ਗਿਆਨ ਨਾਲ ਦਿਨ, ਭਗਤੀ ਨਾਲ ਰਾਤ।

ਹੁਣ ਦੇਖੋ ਜਗਤ ਅੰਬਾ ਦਾ ਗੀਤ ਗਾਉਂਦੇ ਹਨ। ਪਰ ਸਮਝਦੇ ਨਹੀਂ ਹਨ ਕਿ ਸੋਭਾਗ ਵਿਧਾਤਾ ਕਿਵੇਂ ਹਨ। ਕਿੰਨਾ ਵੱਡਾ ਮੇਲਾ ਲੱਗਦਾ ਹੈ। ਪਰ ਜਗਦੰਬਾ ਹੈ ਕੌਣ, ਇਹ ਵੀ ਜਾਣਦੇ ਨਹੀਂ। ਬੰਗਾਲ ਵਿੱਚ ਕਾਲੀ ਨੂੰ ਵੀ ਬਹੁਤ ਮੰਨਦੇ ਹਨ, ਪਰ ਜਾਣਦੇ ਨਹੀਂ ਹਨ ਕਿ ਕਾਲੀ ਅਤੇ ਜਗਦੰਬਾ ਵਿੱਚ ਕੀ ਫ਼ਰਕ ਹੈ। ਜਗਦੰਬਾ ਨੂੰ ਗੋਰਾ ਦਿਖਾਉਂਦੇ ਹਨ, ਕਾਲੀ ਨੂੰ ਕਾਲਾ ਬਣਾ ਦਿੱਤਾ ਹੈ। ਜਗਦੰਬਾ ਹੀ ਲਕਸ਼ਮੀ ਬਣਦੀ ਹੈ ਤੇ ਗੋਰੀ ਹੈ। ਫਿਰ 84 ਜਨਮ ਲੈਂਦੇ - ਲੈਂਦੇ ਕਾਲੀ ਹੋ ਜਾਂਦੀ ਹੈ। ਤਾਂ ਮਨੁੱਖ ਕਿੰਨਾ ਮੂੰਝੇ ਹੋਏ ਹਨ। ਅਸਲ ਵਿੱਚ ਕਾਲੀ ਮਤਲਬ ਅੰਬਾ ਹੈ ਤਾਂ ਇੱਕ ਹੀ। ਕੁਝ ਵੀ ਨਹੀਂ ਜਾਣਦੇ- ਇਸਨੂੰ ਕਿਹਾ ਜਾਂਦਾ ਹੈ ਅੰਧਸ਼ਰਧਾ। ਹੁਣ ਤੁਸੀਂ ਬੱਚੇ ਜਾਣਦੇ ਹੋ ਜੋ ਪਾਸਟ ਵਿੱਚ ਜਗਤ ਅੰਬਾ ਸੀ - ਉਸਨੇ ਭਾਰਤ ਦਾ ਭਾਗ ਬਣਾਇਆ ਸੀ। ਤੁਸੀਂ ਵੀ ਭਾਰਤ ਦਾ ਸੋਭਾਗ ਬਣਾ ਰਹੇ ਹੋ। ਮਾਤਾਵਾਂ ਦਾ ਹੀ ਮੁੱਖ ਨਾਮ ਹੈ। ਸੰਨਿਆਸੀਆਂ ਦਾ ਵੀ ਮਾਤਾਵਾਂ ਨੇ ਉਦਾਰ ਕਰਨਾ ਹੈ। ਇਹ ਵੀ ਨੁਧਿਆ ਹੋਇਆ ਹੈ। ਪਰਮਪਿਤਾ ਪਰਮਾਤਮਾ ਨੇ ਡਾਇਰੈਕਸ਼ਨ ਦਿੱਤਾ ਹੈ, ਇਹਨਾਂ ਨੂੰ ਗਿਆਨ ਬਾਨ ਮਾਰੋ। ਤੁਸੀਂ ਬੱਚੀਆਂ ਵੀ ਸੰਨਿਆਸੀਆਂ ਆਦਿ ਨਾਲ ਮਿਲਦੀਆਂ ਹੋ ਤਾਂ ਸਮਝਾਉਂਦੀ ਹੋ ਕਿ ਸਾਨੂੰ ਗਿਆਨ ਸਾਗਰ ਪਰਮਪਿਤਾ ਪਰਮਾਤਮਾ ਪੜ੍ਹਾਉਂਦੇ ਹਨ। ਤੁਸੀਂ ਹੱਦ ਦੇ ਸੰਨਿਆਸੀ ਹੋ, ਅਸੀਂ ਹਾਂ ਬੇਹੱਦ ਦੇ। ਸਾਨੂੰ ਬਾਪ ਰਜਯੋਗ ਸਿਖਾਉਂਦੇ ਹੀ ਉਦੋਂ ਹਨ ਜਦੋਂਕਿ ਤੁਹਾਡਾ ਹਠਯੋਗ ਪੂਰਾ ਹੋਣਾ ਹੈ। ਹਠਯੋਗ ਅਤੇ ਰਾਜਯੋਗ ਦੋਨੋਂ ਇਕੱਠੇ ਰਹਿ ਨਹੀਂ ਸਕਦੇ। ਤਾਂ ਟਾਇਮ ਹੁਣ ਕੋਈ ਜ਼ਿਆਦਾ ਨਹੀਂ ਹੈ, ਬਹੁਤ ਥੋੜਾ ਟਾਈਮ ਹੈ। ਬਾਪ ਕਹਿੰਦੇ ਹਨ ਬੱਚੀ ਗ੍ਰਹਿਸਤ ਵਿਹਾਰ ਵਿੱਚ ਰਹਿੰਦੇ ਕਮਲਫੁੱਲ ਸਮਾਨ ਬਣੋ। ਬ੍ਰਾਹਮਣਾਂ ਨੂੰ ਹੀ ਕਮਲਫੁੱਲ ਸਮਾਨ ਰਹਿਣਾ ਹੈ। ਕੁਮਾਰੀਆਂ ਤਾਂ ਹਨ ਹੀ ਪਵਿੱਤਰ,

ਕਮਲਫੁੱਲ ਸਮਾਨ। ਬਾਕੀ ਜੋ ਵਿਕਾਰ ਵਿੱਚ ਜਾਂਦੇ ਹਨ ਉਹਨਾਂ ਨੂੰ ਕਹਿੰਦੇ ਹਨ ਪਵਿੱਤਰ ਬਣੋ। ਗ੍ਰਹਿਸਤ ਵਿਹਾਰ ਵਿੱਚ ਰਹਿੰਦੇ ਕਮਲ ਫੁੱਲ ਸਮਾਨ ਬਣੋ। ਹਰ ਇੱਕ ਸਵਦਰਸ਼ਨ ਚੱਕਰਧਾਰੀ ਬਣੋ। ਸੰਖ ਵਜਾਓ। ਗਿਆਨ ਕਟਾਰੀ ਚਲਾਓ ਤਾਂ ਬੇੜਾ ਪਾਰ ਹੋ ਜਾਏਗਾ। ਮਿਹਨਤ ਹੈ, ਮਿਹਨਤ ਬਿਗਰ ਇਨਾਂ ਉੱਚੀ ਪਦਵੀ ਪਾ ਨਹੀਂ ਸਕਦੇ। ਚਲਦੇ - ਫਿਰਦੇ ਉਸੀ ਸੁਖ ਵਿੱਚ ਰਹੋ। ਬਾਪ ਨੂੰ ਯਾਦ ਕਰੋ। ਜੋ ਬਹੁਤ ਸੁਖ ਦਿੰਦੇ ਹਨ ਉਹਨਾਂ ਦੀ ਯਾਦ ਰਹਿੰਦੀ ਹੈ ਨਾ । ਹੁਣ ਤੁਸੀਂ ਯਾਦ ਕਰਨਾ ਹੈ ਬੇਹੱਦ ਦੇ ਬਾਪ ਨੂੰ। ਉਹਨਾਂ ਨੂੰ ਹੀ ਪਰਿਚੇ ਦੇਣਾ ਹੈ। ਸਮਝਾਉਣਾ ਹੈ ਬੋਲੋ, ਤੁਸੀਂ ਰਾਜ - ਵਿਧਿਆ ਇਸ ਜਨਮ ਵਿੱਚ ਪੜ੍ਹਕੇ ਬੈਰਿਸਟਰ ਆਦਿ ਬਣੋਂਗੇ। ਚੰਗਾ ਸਮਝੋ, ਪੜ੍ਹਦੇ - ਪੜ੍ਹਦੇ ਇਮਤਿਹਾਨ ਪਾਸ ਕਰਦੇ ਤੁਹਾਡੀ ਉਮਰ ਪੂਰੀ ਹੋ ਜਾਏ, ਸ਼ਰੀਰ ਛੁੱਟ ਜਾਏ ਤਾਂ ਪੜ੍ਹਾਈ ਇੱਥੇ ਹੀ ਖ਼ਤਮ ਹੋ ਜਾਏਗੀ। ਕੋਈ ਇਮਤਿਹਾਨ ਪਾਸ ਕਰ ਲੰਡਨ ਗਿਆ, ਉੱਥੇ ਹੀ ਮਰ ਗਿਆ ਤਾਂ ਪੜ੍ਹਾਈ ਖ਼ਤਮ ਹੋ ਜਾਏਗੀ। ਉਹ ਹੈ ਹੀ ਵਿਨਾਸ਼ੀ ਪੜ੍ਹਾਈ। ਇਹ ਹੈ ਅਵਿਨਾਸ਼ੀ ਪੜ੍ਹਾਈ। ਇਸਦਾ ਕਦੀ ਵਿਨਾਸ਼ ਨਹੀਂ ਹੁੰਦਾ ਹੈ। ਤੁਸੀਂ ਜਾਣਦੇ ਹੋ ਨਵੀਂ ਦੁਨੀਆਂ ਵਿੱਚ ਆਕੇ ਸਾਨੂੰ ਰਾਜ ਕਰਨਾ ਹੈ। ਉਹ ਹੈ ਅਲਪਕਾਲ ਦਾ ਸੁਖ। ਸੋ ਵੀ ਜਦੋਂ ਨਸੀਬ ਵਿੱਚ ਹੋਵੇ। ਪਤਾ ਨਹੀਂ ਕਿੰਨਾ ਸਮਾਂ ਚੱਲੇ। ਇੱਥੇ ਤਾਂ ਸਰਟਨ ਹੈ। ਇਮਤਿਹਾਨ ਪੂਰਾ ਹੋਇਆ ਅਤੇ ਤੁਸੀਂ ਜਾਕੇ 21 ਜਨਮ - ਰਾਜ - ਭਾਗ ਲਵੋਗੇ। ਹੱਦ ਦੇ ਬਾਪ, ਟੀਚਰ, ਗੁਰੂ ਕੋਲੋਂ ਹੱਦ ਦਾ ਵਰਸਾ ਮਿਲਦਾ ਹੈ। ਸਮਝਦੇ ਹਨ ਗੁਰੂ ਕੋਲੋ ਸ਼ਾਂਤੀ ਮਿਲੇਗੀ। ਅਤੇ ਇੱਥੇ ਥੋੜੀ ਹੀ ਸ਼ਾਂਤੀ ਹੋ ਸਕਦੀ ਹੈ। ਆਰਗਨਸ ਦੇ ਨਾਲ ਕੰਮ ਕਰਦੇ - ਕਰਦੇ ਥੱਕ ਜਾਂਦੇ ਹਨ ਤਾਂ ਆਤਮਾ ਸ਼ਰੀਰ ਨਾਲੋਂ ਡਿਟੈਚ ਹੋ ਜਾਂਦੀ ਹੈ। ਬਾਪ ਕਹਿੰਦੇ ਹਨ ਸ਼ਾਂਤੀ ਤਾਂ ਤੁਹਾਡਾ ਸਵਧਰਮ ਹੈ। ਇਹ ਆਰਗੇਂਨਸ ਹਨ, ਕੰਮ ਨਹੀਂ ਕਰਨਾ ਚਾਹੁੰਦੇ ਹੋ ਤਾਂ ਚੁੱਪ ਹੋ ਕੇ ਬੈਠ ਜਾਓ। ਅਸੀਂ ਅਸ਼ਰੀਰੀ ਹਾਂ, ਬਾਪ ਦੇ ਨਾਲ ਯੋਗ ਲਗਾਉਂਦੇ ਹੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ। ਭਾਵੇਂ ਕੋਈ ਸੰਨਿਆਸੀਆ ਕੋਲੋਂ ਤੁਹਾਨੂੰ ਸ਼ਾਂਤੀ ਮਿਲੇ ਪਰ ਉਸ tਨਾਲ ਵਿਕਰਮ ਵਿਨਾਸ਼ ਨਹੀਂ ਹੋ ਸਕਦਾ। ਇੱਥੇ ਬਾਪ ਨੂੰ ਯਾਦ ਕਰਨ ਨਾਲ ਵਿਕ੍ਰਮਾਂਜਿੱਤ ਬਣਦੇ ਜਾਵੋਗੇ। ਅੱਛਾ ਉਹ ਸ਼ਾਂਤੀ ਵਿੱਚ ਬੈਠੇ ਹਨ, ਕਰਕੇ ਵਿਕਰਮ ਵੀ ਵਿਨਾਸ਼ ਹੋਣਗੇ। ਡਬਲ ਫਾਇਦਾ ਹੋਵੇਗਾ। ਪੁਰਾਣੇ ਵਿਕਰਮ ਵੀ ਵਿਨਾਸ਼ ਹੁੰਦੇ ਹਨ। ਸਿਵਾਏ ਇਸ ਯੋਗਬਲ ਦੇ ਪੁਰਾਣੇ ਵਿਕਰਮ ਕਿਸੇ ਵੀ ਹਾਲਤ ਵਿੱਚ ਕਿਸਦੇ ਵਿਨਾਸ਼ ਹੋ ਨਹੀਂ ਸਕਦੇ। ਪ੍ਰਾਚੀਨ ਯੋਗ ਭਾਰਤ ਦਾ ਗਾਇਆ ਹੋਇਆ ਹੈ। ਇਸਨਾਲ ਜਨਮ ਜਨਮਾਂਨਤਰ ਦੇ ਵਿਕਰਮ ਵਿਨਾਸ਼ ਹੁੰਦੇ ਹਨ ਅਤੇ ਹੋਰ ਕੋਈ ਉਪਾਏ ਹੈ ਨਹੀਂ। ਹੁਣ ਇਹ ਵ੍ਰਿਧੀ ਬੰਦ ਹੋਣੀ ਹੈ। ਗੌਰਮਿੰਟ ਵੀ ਚਾਹੁੰਦੀ ਹੈ ਵ੍ਰਿਧੀ ਜ਼ਿਆਦਾ ਨਾ ਹੋਵੇ ਅਸੀਂ ਤਾਂ ਵ੍ਰਿਧੀ ਇੰਨੀ ਘੱਟ ਕਰਦੇ ਹਾਂ ਜੋ ਬਹੁਤ ਥੋੜੇ ਰਹਿਣਗੇ, ਬਾਕੀ ਸਭ ਚਲੇ ਜਾਣਗੇ। ਮਨੁੱਖ ਸਮਝਦੇ ਵੀ ਹਨ ਕਿ ਵਿਨਾਸ਼ ਹੋਵੇਗਾ ਪਰ ਲੜਾਈ ਨੂੰ ਬੰਦ ਦੇਖ ਫਿਰ ਸਮਝਦੇ ਹਨ ਪਤਾ ਨਹੀਂ ਹੋਵੇਗਾ ਜਾਂ ਨਹੀਂ। ਠੰਡੇ ਹੋ ਜਾਂਦੇ ਹਨ। ਬਾਪ ਸਮਝਾਉਂਦੇ ਹਨ - ਬੱਚੇ ਬਾਕੀ ਥੋੜਾ ਹੈ ਇਸਲਈ ਗਫ਼ਲਤ ਨਾ ਕਰੋ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ਼ਰੀਰ ਤੋਂ ਡਿਟੈਚ ਹੋ, ਅਸ਼ਰੀਰੀ ਬਣ ਸੱਚੀ ਸ਼ਾਂਤੀ ਦਾ ਅਨੁਭਵ ਕਰਨਾ ਹੈ। ਬਾਪ ਦੀ ਯਾਦ ਨਾਲ ਖੁਦ ਨੂੰ ਵਿਕ੍ਰਮਾਂਜਿੱਤ ਬਨਾਉਣਾ ਹੈ।

**2.** ਅਵਿਨਾਸ਼ੀ ਪ੍ਰਾਲਬੱਧ ਬਨਾਉਣ ਦੇ ਲਈ ਅਵਿਨਾਸ਼ੀ ਪੜ੍ਹਾਈ ਤੇ ਪੂਰਾ ਧਿਆਨ ਦੇਣਾ ਹੈ। ਉਲਟੀ ਸਭ ਗੱਲਾਂ ਨੂੰ ਛੱਡ ਇੱਕ ਬਾਪ ਦੀ ਸੁਲਟੀ ਮਤ ਤੇ ਚਲਣਾ ਹੈ।

ਵਰਦਾਨ:- ਉੱਚੀ ਸਟੇਜ ਤੇ ਰਹਿ ਪ੍ਰਕ੍ਰਿਤੀ ਦੀ ਹਲਚਲ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ ਪ੍ਰਕ੍ਰਿਤੀਜੀਤ ਭਵ

ਮਾਇਆਜਿੱਤ ਤਾਂ ਬਣ ਰਹੇ ਹੋ ਪਰ ਹੁਣ ਪ੍ਰਕ੍ਰਿਤੀ ਜਿੱਤ ਵੀ ਬਣੋ ਕਿਉਂਕਿ ਹੁਣ ਪ੍ਰਕ੍ਰਿਤੀ ਦੀ ਹਲਚਲ ਬਹੁਤ ਹੋਣੀ ਹੈ। ਕਦੀ ਸਮੁੰਦਰ ਦਾ ਜਲ ਆਪਣਾ ਪ੍ਰਭਾਵ ਦਿਖਾਏਗਾ, ਤਾਂ ਕਦੀ ਧਰਨੀ ਆਪਣਾ ਪ੍ਰਭਾਵ ਦਿਖਾਏਗੀ। ਜੇਕਰ ਪ੍ਰਕ੍ਰਿਤੀਜਿੱਤ ਹੋਣਗੇ ਤਾਂ ਪ੍ਰਕ੍ਰਿਤੀ ਦੀ ਕੋਈ ਵੀ ਹਲਚਲ ਹਿਲਾ ਨਹੀਂ ਸਕੇਗੀ। ਸਦਾ ਸਾਕਸ਼ੀ ਹੋਕਰ ਸਭ ਖੇਡ ਦੇਖਣਗੇ। ਜਿਵੇਂ ਫਰਿਸ਼ਤੇ ਨੂੰ ਸਦਾ ਉੱਚੀ ਪਹਾੜੀ ਤੇ ਦਿਖਾਉਂਦੇ ਹਨ, ਇਵੇਂ ਤੁਸੀਂ ਫਰਿਸ਼ਤੇ ਸਦਾ ਉੱਚੀ ਸਟੇਜ ਤੇ ਰਹੋ ਤਾਂ ਜਿਨਾਂ ਉੱਚਾ ਹੋਵੋਗੇ ਓਨਾ ਹਲਚਲ ਨਾਲ ਖੁਦ ਤੋਂ ਪਰੇ ਹੋ ਜਾਓਗੇ।

ਸਲੋਗਨ:- ਆਪਣੇ ਸ੍ਰੇਸ਼ਠ ਵਾਈਬ੍ਰੇਸ਼ਨ ਨਾਲ ਸਰਵ ਆਤਮਾਵਾਂ ਨੂੰ ਸਹਿਯੋਗ ਦੀ ਅਨੁਭੂਤੀ ਕਰਾਉਣਾ ਹੀ ਤਪੱਸਿਆ ਹੈ।

******

ਇਸ ਮਹੀਨੇ ਦੀਆਂ ਸਭ ਮੁਰਲੀਆ (ਈਸ਼ਵਰੀ ਮਹਾਂਵਾਕ) ਨਿਰਾਕਾਰ ਪਰਮਾਤਮਾ ਸ਼ਿਵ ਨੇ ਬ੍ਰਹਮਾ ਮੁਖਕਮਲ ਨਾਲ ਆਪਣੇ ਬ੍ਰਹਮਾਵਤਸੋ ਮਤਲਬ ਬ੍ਰਹਮਾਕੁਮਾਰ ਅਤੇ ਕੁਮਾਰੀਆਂ ਦੇ ਸਮੁੱਖ 18-1-69 ਤੋਂ ਪਹਿਲੇ ਉਚਾਰਨ ਕੀਤੇ ਸੀ। ਇਹ ਕੇਵਲ ਬ੍ਰਹਮਾਕੁਮਾਰੀਆ ਦੀ ਅਧਿਕ੍ਰਿਤ ਟੀਚਰ ਭੈਣਾਂ ਦਵਾਰਾ ਨਿਯਮਿਤ ਬੀ. ਕੇ. ਵਿਦਿਆਰਥੀਆਂ ਨੂੰ ਸੁਣਾਉਣ ਦੇ ਲਈ ਹਨ।